
# ਸੌਹ ਵਿਖੇ ਸੰਮਨ ਪਰ੍ਤੀ ਜਵਾਬ

## ਕਦਮ 1

## ਆਪਣੀ ਸੁਣਵਾਈ ਦੀ ਮਿਤੀ ਚੁਣੋ

ਆਪਣੀ ਸੁਣਵਾਈ ਦੀ ਮਿਤੀ ਲਈ ਆਪਣੇ ਸੰਮਨ ਚੁਣੋ। ਜੇ ਤੁਹਾਡੇ ਕੋਲ ਸੰਮਨ ਦੀ ਕਾਪੀ ਨਹੀਂ ਹਾਸਿਲ ਕੀਤੀ ਹੈ, ਸੰਮਨ ਫਾਈਂਡਰ ਉੱਤੇ ਖੋਜ ਕਰੋ ਜਾਂ (844) 628-4692 ਉੱਤੇ ਸੁਣਵਾਈ ਡਿਵੀਜ਼ਨ ਨੂੰ ਕਾਲ ਕਰੋ।



SUMMONS TO APPEAR
FOR CIVIL PENALTIES ONLY

SUMMONS NUMBER: 0000 000 000
ENFORCEMENT AGENCY: **Police Department**

Respondent Last Name | First | M.I.

Phone No ☐ Cell ☐ Home | D.O.B. MM / DD / YY | Sex ☐ Male ☐ Female

Mailing Address

ID Number | ID Type

Race ☐ White ☐ Black ☐ Hisp. White ☐ Hisp. Black ☐ Am. Ind./Alaskan Native ☐ Asian/Pacific. Is.

Date of Occurrence MM / DD / YY | Time of Occurrence HH : MM ☐ AM ☐ PM

Place of Occurrence (☐ At ☐ In Front Of ☐ Opposite) | Precinct

**Include the summons number above on all communications**

HEARING DATE: MM / DD / YY AT: HH : MM ☐ AM ☐ PM

**You must respond by the above date.**
**See the BACK OF THIS SUMMONS to learn about your options.**

**WARNING:** If you do not respond, you may be found automatically responsible and you may owe larger penalties. If you do not pay any imposed penalties, you may lose your ability to keep or get a City license, permit or registration. The City might also take further legal action against you. See the back for more information.

**Hearing Location:** Office of Administrative Trials and Hearings (OATH)

Borough: ______ (See back for address) **(844) 628-4692** **www.nyc.gov/oath**

ਆਪਣੀ ਸੁਣਵਾਈ ਦੀ ਮਿਤੀ ਨੂੰ ਮੁੜਅਨੁਸੂਚਿਤ ਕਰਨ ਲਈ, nyc.gov/oath/reschedule ਉੱਤੇ ਜਾਓ।

## ਕਦਮ 2

## ਨਿਰਣਾ ਲਓ ਕਿ ਤੁਸੀ ਕਿਵੇਂ ਜਵਾਬ ਦੇਣਾ ਚਾਹੁੰਦੇ ਹੋ: ਸਵੀਕਾਰਨਾ ਅਤੇ ਅਦਾ ਕਰਨਾ, ਹੱਲ ਜਾਂ ਸੈੱਟਲ ਹੋਣਾ, ਜਾਂ ਸੁਣਵਾਈ ਵੇਲੇ ਸੰਮਨ ਲਈ ਲੜਣਾ

**ਇਥੇ ਅਦਾ ਕਰੋ**

ਜੇ ਤੁਸੀ ਉਲੰਘਣਾ ਨੂੰ ਸਵੀਕਾਰ ਕਰਨਾ ਚਾਹੁੰਦੇ ਹੋ ਅਤੇ ਜੁਰਮਾਨਾ ਅਦਾ ਕਰਨਾ ਚਾਹੁੰਦੇ ਹੋ, ਤਾਂ ਵੈੱਬਸਾਈਟ ਦੇ ਭੁਗਤਾਨ / ਜੁਰਮਾਨੇ ਸੈਕਸ਼ਨ ਵਿੱਚ ਜਾਓ।


ਕੁੱਝ ਉਲੰਘਣਾਵਾਂ ਲਈ, ਤੁਸੀ ਉਲੰਘਣਾ ਦਾ ਹੱਲ ਕਰਨ ਦੇ ਯੋਗ ਹੋ ਸਕਦੇ ਹੋ ਇਸ ਤੋਂ ਪਹਿਲਾਂ ਕਿ ਤੁਹਾਡੀ ਸੁਣਵਾਈ ਹੋਵੇ ਜਾਂ ਜਾਰੀ ਕਰਨ ਦੀ ਏਜੰਸੀ ਨਾਲ ਸੈੱਟਲਮੈਂਟ ਲਈ ਸਹਿਮਤ ਹੋਣ। ਜੇ ਤੁਸੀ ਗੈਰ-ਪੇਸ਼ ਕਰਦੇ ਹੋ, Manhelpcenter@oath.nyc.gov ਉੱਤੇ ਸੰਪਰਕ ਕਰੋ। ਜਾਂ (212) 436-0845.

## ਆਪਣੀ ਸੁਣਵਾਈ ਦੀ ਮਿਤੀ ਬਾਰੇ ਟੈਕਸਟ ਸੁਨੇਹਾ ਰਿਮਾਈਂਡਰ ਲਈ ਸਾਈਨ ਅੱਪ ਕਰੋ

### ਦੁਬਾਰਾ ਸੁਣਵਾਈ ਕਦੇ ਨਾ ਛੱਡੋ!

"OATHReminder" ਨੂੰ (917) 451-8829 ਉੱਤੇ ਟੈਕਸਟ ਭੇਜ ਕੇ ਟੈਕਸਟ ਸੁਨੇਹੇ ਰਿਮਾਈਂਡਰ ਦੀ ਚੋਣ ਕਰੋ

ਤੁਹਾਨੂੰ ਫਿਰ ਸੰਮਨਾਂ ਲਈ ਸੰਮਨ ਨੰਬਰ ਦਾਖਿਲ ਕਰਨ ਲਈ ਕਿਹਾ ਜਾਵੇਗਾ ਜਿਸ ਲਈ ਤੁਸੀ ਰਿਮਾਈਂਡਰ ਚਾਹੁੰਦੇ ਹੋ।




ਸੁਨੇਹੇ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ।

# ਸੋਹ ਵਿਖੇ ਸੰਮਨ ਪਰ੍ਤੀ ਜਵਾਬ

## ਕਦਮ 3

## ਆਪਣੀ ਸੁਣਵਾਈ ਦੀ ਤਿਆਰੀ ਕਰੋ

ਜਾਰੀਕਰਤਾ ਅਧਿਕਾਰੀ ਦੁਆਰਾ ਲਿਖੇ ਗਏ ਦੋਸ਼ਾਂ ਅਤੇ ਨੋਟਸ ਸਮੇਤ, ਆਪਣੇ ਸੰਮਨਾਂ ਦੀ ਸਮੀਖਿਆ ਕਰੋ। ਆਪਣੇ ਸਬੂਤ ਦੀਆਂ ਕਾਪੀਆਂ ਤਿਆਰ ਕਰੋ ਅਤੇ ਡਿਜ਼ੀਟਲ ਫਾਰਮੈਟ (ਸਕੈਨ ਜਾਂ ਦਸਤਾਵੇਜ਼ ਦੀ ਫੋਟੋ) ਵਿੱਚ ਬਦਲੋ ਤਾਂ ਜੋ ਤੁਸੀ ਉਹਨਾਂ ਨੂੰ ਫੋਨ ਦੀ ਸੁਣਵਾਈ ਦੌਰਾਨ ਸੁਣਵਾਈ ਅਧਿਕਾਰੀ ਨੂੰ ਈਮੇਲ ਕਰ ਸਕੋ।

ਜੇਕਰ ਤੁਹਾਡੀ ਪਰ੍ਤੀਨਿਧਤਾ ਨਹੀ ਹੋਈ ਹੈ, ਤਾਂ ਤੁਸੀ ਸੋਹ ਮਦਦ ਕੇਂਦਰ ਨਾਲ Manhelpcenter@oath.nyc.gov ਜਾਂ (212) 436-0845 ‘ਤੇ, ਤੁਹਾਡੀ ਸੁਣਵਾਈ ਤੋਂ ਪਹਿਲਾਂ ਮੁਫਤ ਵਿਅਕਤੀਗਤ ਸਲਾਹ ਲਈ ਸੰਪਰਕ ਕਰ ਸਕਦੇ ਹੋ।

- ਛੋਟੇ ਕਾਰੋਬਾਰੀ ਸਹਾਇਤਾ ਲਈ: Smallbizhelp@oath.nyc.gov
- ਵੈਟਰਨ ਸਹਾਇਤਾ ਲਈ: veteranshelp@oath.nyc.gov
- ਸੀਨੀਅਰ ਸੀਟੀਜ਼ਨ ਮੱਦਦ ਲਈ: seniorshelp@oath.nyc.gov

OFFICE OF ADMINISTRATIVE TRIALS AND HEARINGS — CITY OF NEW YORK OATH — ਮਦਦ

## ਕਦਮ 4

## ਤੁਹਾਡੀ ਸੁਣਵਾਈ ਦੀ ਮਿਤੀ ‘ਤੇ ਜਾਂ ਇਸ ਤੋਂ ਪਹਿਲਾਂ ਪੇਸ਼ ਹੋਣਾ

ਸੋਹ ਸੁਣਵਾਈਆਂ ਆਮ ਤੌਰ ‘ਤੇ ਫ਼ੋਨ ਦੁਆਰਾ ਜਾਂ ਔਨਲਾਈਨ ਲਿਖਤੀ ਸਫ਼ਾਈ ਪੇਸ਼ ਕਰਕੇ ਕੀਤੀਆਂ ਜਾਂਦੀਆਂ ਹਨ।

**ਫੋਨ ਦੀ ਸੁਣਵਾਈ ਲਈ**, ਤੁਹਾਡੇ ਸੰਮਨ ‘ਤੇ ਸੂਚੀਬੱਧ ਸੁਣਵਾਈ ਦੇ ਸਮੇਂ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਕਿਸੇ ਵੀ ਸਮੇਂ ਤੁਹਾਡੀ ਸੁਣਵਾਈ ਦੀ ਮਿਤੀ ‘ਤੇ ਸੋਹ ਤੋਂ ਤੁਹਾਨੂੰ ਪਰ੍ਾਪਤ ਹੋਈ ਈਮੇਲ ਵਿੱਚ ਫ਼ੋਨ ਨੰਬਰ ‘ਤੇ ਕਾਲ ਕਰੋ।

ਫ਼ੋਨ ਦੁਆਰਾ ਆਪਣੀ ਸੁਣਵਾਈ ਕਰਵਾਉਣ ਲਈ, **ਤੁਹਾਨੂੰ ਆਪਣੀ ਫ਼ੋਨ ਸੁਣਵਾਈ ਲਈ ਘੱਟੋ-ਘੱਟ ਤਿੰਨ (3) ਕਾਰੋਬਾਰੀ ਦਿਨ ਬੇਨਤੀ ਕਰਨੀ ਚਾਹੀਦੀ ਹੈ ਪਰ ਆਪਣੀ ਸੁਣਵਾਈ ਦੀ ਮਿਤੀ ਤੋਂ ਇੱਕ (1) ਮਹੀਨੇ ਤੋਂ ਵੱਧ ਨਹੀਂ**। ਤੁਸੀਂ ਆਪਣੀ ਬੇਨਤੀ ਆਨਲਾਈਨ www.nyc.gov/oathphone ‘ਤੇ ਦਰਜ ਕਰ ਸਕਦੇ ਹੋ।

ਤੁਹਾਨੂੰ ਆਪਣੀ ਸੁਣਵਾਈ ਤੋਂ ਪਹਿਲਾਂ ਫ਼ੋਨ ਨੰਬਰ ਅਤੇ ਪਿੰਨ ਸਮੇਤ ਈਮੇਲ ਪ੍ਰਾਪਤ ਹੋਵੇਗੀ ਜਿਸਦੀ ਵਰਤੋਂ ਤੁਸੀਂ ਆਪਣੀ ਸੁਣਵਾਈ ਦੀ ਮਿਤੀ ‘ਤੇ ਕਾਲ ਕਰਨ ਲਈ ਕਰੋਗੇ।

ਜੇਕਰ ਤੁਹਾਡੀ ਸੁਣਵਾਈ ਤੋਂ ਇੱਕ ਦਿਨ ਪਹਿਲਾਂ ਤੁਹਾਨੂੰ ਆਪਣਾ ਪਿੰਨ ਨਹੀਂ ਮਿਲਿਆ ਹੈ, ਤਾਂ ਕਿਰਪਾ ਕਰਕੇ ਆਪਣੇ ਸਪੈਮ/ਜੰਕ ਈਮੇਲ ਫੋਲਡਰ ਦੀ ਜਾਂਚ ਕਰੋ। ਜੇਕਰ ਤੁਸੀਂ ਅਜੇ ਵੀ ਆਪਣਾ ਪਿੰਨ ਨਹੀਂ ਲੱਭ ਸਕਦੇ ਹੋ, ਤਾਂ (212) 436-0845 ਜਾਂ ਈਮੇਲ Manhelpcenter@oath.nyc.gov ‘ਤੇ ਮਦਦ ਕੇਂਦਰ ਨਾਲ ਸੰਪਰਕ ਕਰੋ।

**ਵਿਅਕਤੀਗਤ ਸੁਣਵਾਈ ਲਈ**, ਤੁਸੀ ਸੁਣਵਾਈ ਦੀ ਮਿਤੀ ਤੋਂ ਪਹਿਲਾਂ LiveHearings@oath.nyc.gov ‘ਤੇ ਈਮੇਲ ਕਰਕੇ ਸੋਹ ਦਫ਼ਤਰ ਵਿੱਚ ਵਿਅਕਤੀਗਤ ਤੌਰ ‘ਤੇ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ। ਵਿਅਕਤੀਗਤ ਸੁਣਵਾਈ ਲਈ ਬੇਨਤੀ ਨਿਯਤ ਸੁਣਵਾਈ ਤੋਂ ਘੱਟੋ-ਘੱਟ 5 ਕਾਰੋਬਾਰੀ ਦਿਨ ਪਹਿਲਾਂ ਸੋਹ ਨੂੰ ਈਮੇਲ ਕੀਤੀ ਜਾਣੀ ਚਾਹੀਦੀ ਹੈ। ਦਫ਼ਤਰ ਦੇ ਪਤੇ ਅਤੇ ਕੰਮ ਦੇ ਘੰਟੇ ਇੱਥੇ ਲੱਭੇ ਜਾ ਸਕਦੇ ਹਨ।

**ਆਨਲਾਈਨ ਜਾਂ ਡਾਕ ਦੁਆਰਾ ਲਿਖਤੀ ਜਵਾਬਾਂ ਲਈ:** ਤੁਹਾਡੇ ਸੰਮਨਾਂ ਉੱਤੇ ਸੂਚੀਬੱਧ ਉਲੰਘਣਾਵਾਂ ਦੇ ਅਧਾਰ ‘ਤੇ, ਤੁਸੀ ਆਨਲਾਈਨ ਜਾਂ ਡਾਕ ਦੁਆਰਾ ਆਪਣੇ ਜਵਾਬ ਜਮਹ੍ਹਾਂ ਕਰਨ ਯੋਗ ਹੋ ਸਕਦੇ ਹੋ। ਸੋਹ ਵੈੱਬਸਾਈਟ ਉੱਤੇ ਆਨਲਾਈਨ ਜਮਹ੍ਹਾਂ ਕਰਨਾ ਅਤੇ ਡਾਕ ਜਮਹ੍ਹਾਂ ਕਰਨਾ ਬਾਰੇ ਜਾਣਕਾਰੀ ਹੈ।

ਚੇਤਾਵਨੀ: ਜੇ ਤੁਸੀ ਸੁਣਵਾਈ ਦੀ ਮਿਤੀ ਉੱਤੇ ਜਾਂ ਪਹਿਲਾਂ ਜਵਾਬ ਨਹੀ ਦਿੰਦੇ ਹੋ, ਤੁਹਾਨੂੰ ਆਪਣੇ ਆਪ ਉਲੰਘਣਾ ਕਰਦਿਆਂ ਪਾਇਆ ਜਾਵੇਗਾ ਅਤੇ ਹੋਰ ਵੱਧ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤੁਸੀ ਨਵੀ ਸੁਣਵਾਈ ਦੀ ਬੇਨਤੀ ਦੇ ਯੋਗ ਹੋ ਸਕਦੇ ਹੋ। ਛੁੱਟ ਗਈਆਂ ਸੁਣਵਾਈਆਂ ਵੈੱਬਸਾਈਟ ਦੇ ਭਾਗ ਵਿੱਚ ਜ਼ਰੂਰੀ ਫਾਰਮ ਤੇ ਨਵੀ ਸੁਣਵਾਈ ਦੀ ਬੇਨਤੀ ਕਿਵੇਂ ਕਰਨੀ ਹੈ ਬਾਰੇ ਹੋਰ ਜਾਣਕਾਰੀ ਹੈ।

*ਸੁਣਵਾਈ ਦੇ ਫੈਸਲੇ ਦਾ ਭੁਗਤਾਨ ਕਰਨ ਵਿੱਚ ਅਸਫਲਤਾ ਜੋ ਤੁਹਾਨੂੰ ਚਾਰਜ ਜਾਂ ਡਿਫਾਲਟ ਜੁਰਮਾਨੇ ਦੀ ਉਲੰਘਣਾ ਵਿੱਚ ਲਗਾਇਆ ਜਾਂਦਾ ਹੈ, ਦੇ ਨਤੀਜੇ ਵਜੋਂ ਸ਼ਹਿਰ ਦੁਆਰਾ ਕਾਨੂੰਨੀ ਕਾਰਵਾਈ ਹੋ ਸਕਦੀ ਹੈ, ਅਦਾਲਤ ਵਿੱਚ ਤੁਹਾਡੇ ਵਿਰੁੱਧ ਫੈਸਲਾ ਲਿਆ ਜਾ ਸਕਦਾ ਹੈ, ਅਤੇ/ਜਾਂ ਸ਼ਹਿਰੀ ਲਾਇਸੈਂਸ ਦੀਆਂ ਅਰਜ਼ੀਆਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ।*